# ਸੂਹੇ ਪਰਚਮ ਵਾਲੇ ਗੁਰਸ਼ਰਨ ਭਾਅ ਜੀ ਨੂੰ ਸਾਡਾ ਲਾਲ ਸਲਾਮ

ਕਾਮਰੇਡ ਗੁਰਸ਼ਰਨ ਸਿੰਘ ਦਾ ਨਾਂਅ ਪੰਜਾਬੀ ਜਗਤ ਵਿਚ, ਆਪਣੀ ਵਿਲੱਖਣ ਪਹਿਚਾਣ ਤੇ ਪ੍ਰਤਿਭਾ ਕਰਕੇ ਅਮਰ ਹੋ ਗਿਆ ਹੈ। ਕਿਰਤੀ ਕਾਮਿਆਂ ਤੇ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਨਾਟਕੀ ਰੁਪਾਂਤਰ ਵਿਚ ਪੇਸ਼ ਕਰਕੇ ਦੇਸ਼ਾਂ ਬਦੇਸ਼ਾਂ ਤੱਕ ਲੈ ਕੇ ਜਾਣ ਵਾਲੇ ਇਸ ਮਹਾਂ ਨਾਇਕ ਨੂੰ ਜਿੱਥੇ ਜਨ ਸਧਾਰਨ ਨੇ ਬੇਹੱਦ ਮਾਣ ਤੇ ਸਤਿਕਾਰ ਦਿੱਤਾ ਉੱਥੇ ਕਿਰਤ ਦੀ ਲੁੱਟ ਕਰਨ ਵਾਲੀਆਂ ਧਿਰਾਂ ਲਈ ਉਹ ਹਮੇਸ਼ਾਂ ਇਕ ਵੰਗਾਰ ਬਣਿਆ ਰਿਹਾ। ਸਧਾਰਨ ਲੋਕਾਂ ਉਪਰ ਲਿਖੇ ਨਾਟਕਾਂ ਨੂੰ ਪਿੰਡ-ਪਿੰਡ, ਘਰ-ਘਰ, ਗਲੀ, ਮਹੱਲੇ ਵਿਚ ਲੈ ਕੇ ਜਾਣ ਵਾਲੇ ਇਸ ਮਹਾਨ ਨਾਟਕਕਾਰ ਨੂੰ ਪੰਜਾਬ ਦੇ ਨੁੱਕੜ ਨਾਟਕ ਦਾ ਜਨਮਦਾਤਾ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਦੁਨੀਆਂ ਦੀ ਕਿਸੇ ਵੀ ਭਾਸ਼ਾ ਵਿਚ ਕੇਵਲ ਉਹ ਨਾਟਕ ਹੀ ਲੋਕਾਂ ਦੇ ਵਿਹੜਿਆਂ ਵਿਚ ਖੇਡਿਆ ਜਾ ਸਕਦਾ ਹੈ ਜਿਸ ਵਿਚ ਲੋਕਾਂ ਦੀ ਗੱਲ ਹੋਵੇ। ਕਾਮਰੇਡ ਗੁਰਸ਼ਰਨ ਸਿੰਘ ਨੇ ਪੰਜਾਬੀ ਵਿਚ ਇਸ ਅਨੂਠੀ ਪਰੰਪਰਾ ਦਾ ਕੇਵਲ ਆਗਾਜ਼ ਹੀ ਨਹੀਂ ਕੀਤਾ ਸਗੋਂ ਇਸ ਨੂੰ ਮਜਬੂਤ ਲੀਹਾਂ 'ਤੇ ਖੜ੍ਹਾ ਕਰਨ ਲਈ ਲੋਕ ਥੀਏਟਰ ਦੀ ਨੀਂਹ ਵਿਚ ਆਪਣੇ ਆਪ ਨੂੰ ਚਿਣਿਆ ਵੀ। ਇਸ ਉਪਰ ਪੰਜਾਬੀ ਲੋਕ ਥੀਏਟਰ ਦਾ ਜੋ ਮਹਿਲ ਉਸਾਰਿਆ ਜਾ ਰਿਹਾ ਹੈ ਇਸ ਮਹਿਲ ਦੇ ਉਹ ਥੰਮ੍ਹ ਜਿਸ ਨੇ ਇਸ ਨੂੰ ਬਾਕਮਾਲ ਦੀ ਮਜਬੂਤੀ ਪ੍ਰਦਾਨ ਕੀਤੀ ਉਹ ਥੰਮ੍ਹ ਹੈ ਗੁਰਸ਼ਰਨ ਸਿੰਘ ਜਿਸ ਦੀ ਸਖ਼ਤ ਘਾਲਣਾ ਤੇ ਲਗਨ ਤੋਂ ਪ੍ਰੇਰਨਾ ਲੈ ਕੇ ਤੁਰਨ ਵਾਲਿਆਂ ਦਾ ਇਕ ਪੂਰੇ ਦਾ ਪੂਰਾ ਕਾਫ਼ਲਾ ਬਣ ਗਿਆ ਹੈ ਤੇ ਉਸ ਕਾਫ਼ਲੇ ਦੀ ਆਪਣੀ ਇਕ ਮਾਣਯੋਗ ਥਾਂ ਬਣ ਰਹੀ ਹੈ। ਮਾਣ-ਮੱਤੀ ਗੱਲ ਇਹ ਹੈ ਕਿ ਪਲਸ ਮੰਚ ਦੇ ਬਾਨੀ ਤੇ ਪੰਜਾਬੀ ਨਾਟਕ ਦੇ ਇਸ ਬਾਬਾ ਬੋਹੜ ਨੂੰ ਕਿਰਤੀ ਲੋਕਾਂ ਨੇ ਉਹ ਸਥਾਨ ਜੀਉਂਦੇ-ਜੀਅ ਪ੍ਰਦਾਨ ਕੀਤਾ ਜਿਹੜਾ ਬਹੁਤਿਆਂ ਨੂੰ ਸ਼ਹਾਦਤ ਤੋਂ ਬਾਅਦ ਵੀ ਕਈ ਵਾਰੀ ਨਸੀਬ ਨਹੀਂ ਹੁੰਦਾ ਹੈ।

ਪੰਜਾਬੀ ਜਗਤ ਵਿਚ ਜਦੋਂ ਕੋਈ 'ਭਾਅ ਜੀ' ਸ਼ਬਦ ਦਾ ਪ੍ਰਯੋਗ ਕਰਦਾ ਹੈ ਤਾਂ ਉਸ ਦਾ ਮਤਲਬ ਹੀ ਇਹ ਹੁੰਦਾ ਕਿ ਗੱਲ ਕਰਨ ਵਾਲਾ ਸਾਥੀ ਗੁਰਸ਼ਰਨ ਸਿੰਘ ਦੀ ਹੀ ਗੱਲ ਕਰ ਰਿਹਾ ਹੈ। ਦੂਰਦਰਸ਼ਨ ਦੇ ਜਲੰਧਰ ਕੇਂਦਰ ਤੋਂ ਲੜੀਵਾਰ ਪ੍ਰਸਾਰਿਤ ਹੋਏ ਨਾਟਕ 'ਭਾਈ ਮੰਨਾ ਸਿੰਘ' ਨੇ ਉਨ੍ਹਾਂ ਲਈ "ਭਾਈ ਮੰਨਾ ਸਿੰਘ" ਦਾ ਨਾਮ ਰਾਖਵਾਂ ਕਰ ਦਿੱਤਾ। ਪੰਜਾਬ ਦੇ ਲੱਗਭਗ ਹਰ ਪਿੰਡ ਵਿਚ ਨਾਟਕ ਖੇਡਣ ਵਾਲੇ ਇਸ ਮਹਾਂ ਨਾਇਕ ਦਾ ਇਕੋ ਇਕ ਸੁਪਨਾ ਸੀ ਕਿ ਲੋਕਾਂ ਦੀ ਕਿਸੇ ਕਿਸਮ ਦੀ ਲੁੱਟ ਨਾ ਹੋਵੇ। ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਵਰਗ-ਰਹਿਤ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਤੁਰਿਆ ਚੜ੍ਹਦੀ ਜਵਾਨੀ ਦਾ ਇਹ ਇੰਜੀਨੀਅਰ ਸਰਕਾਰੀ ਨੌਕਰੀ ਤੇ ਨਿੱਜੀ ਜ਼ਿੰਦਗੀ ਦੇ ਸੁਖ ਤੇ ਸਹੂਲਤਾਂ ਨੂੰ ਛੱਡ ਕੇ ਲੋਕ-ਸੰਘਰਸ਼ਾਂ ਦੇ ਮੈਦਾਨ ਵਿਚ ਇਕ ਵਾਰ ਅਜਿਹਾ ਨਿੱਤਰਿਆ ਕਿ ਮੁੜ ਉਮਰ ਭਰ ਅਰਾਮ

ਨਾਲ ਘਰ ਨਹੀਂ ਬੈਠਾ। ਮਹਾਨ ਇਨਕਲਾਬੀ ਕਾਰਲ ਮਾਰਕਸ ਦੇ "ਕੁੱਲ ਦੁਨੀਆਂ ਦੇ ਕਿਰਤੀਓ ਇਕ ਹੋ ਜਾਓ" ਦੇ ਨਾਹਰੇ ਨੂੰ ਬੁਲੰਦ ਕਰਦਾ ਉਹ ਜਾਤਾਂ, ਧਰਮਾਂ, ਮਜ਼੍ਹਬਾਂ, ਰੰਗਾਂ, ਨਸਲਾਂ ਤੇ ਫਿਰਕਿਆਂ ਦੇ ਝੂਠੇ ਫਾਸ਼ੀਵਾਦੀ ਨਾਹਰਿਆਂ ਨੂੰ ਨਕਾਰਦਾ ਹੋਇਆ, ਲੀਰੋ-ਲੀਰ ਹੋਈ ਕਿਰਤ ਨੂੰ ਜੋੜਨ ਲਈ ਦੇਸ਼ਾਂ ਬਦੇਸ਼ਾਂ ਵਿਚ ਤੁਰਿਆ ਫਿਰਦਾ। ਭਾਵੇਂ ਪੰਜਾਬ ਦੀ ਖਾਲਿਸਤਾਨੀ ਲਹਿਰ ਦਾ ਤੇ ਭਾਵੇਂ ਐਮਰਜੈਂਸੀ ਦਾ ਕਾਲਾ ਦੌਰ ਸੀ ਉਸ ਦਾ ਕਾਫ਼ਲਾ ਚੱਲਦਾ ਰਿਹਾ। ਹੱਕ-ਸੱਚ ਇਨਸਾਫ਼ ਲਈ ਲੜਦੇ ਲੋਕ ਉਸ ਦੀ ਧਿਰ ਸਨ। ਉਸ ਦਾ ਸਭ ਤੋਂ ਪਿਆਰਾ ਸੰਬੋਧਨੀ ਸ਼ਬਦ ਸੀ "ਮੇਰੇ ਲੋਗੋ"। ਅਕਸਰ ਹੀ ਗੱਲ ਕਰਦਾ ਭਾਵੁਕ ਹੋ ਜਾਣ ਵਾਲਾ ਇਹ ਮਹਾਨ ਯੋਧਾ ਨਾ ਕਦੇ ਪੈਸੇ ਦੀ ਪਰਵਾਹ ਕਰਦਾ, ਨਾ ਕਦੇ ਕਿਸੇ ਕਿਸਮ ਦਾ ਡਰ-ਖ਼ੌਫ ਹੀ ਉਸ ਨੂੰ ਦਹਿਸ਼ਤਜ਼ਦਾ ਕਰਦਾ। ਪਰ ਜਦ ਕਦੇ ਵੀ ਕਿਰਤੀ ਲੋਕਾਂ ਦੀ ਅੰਦਰੂਨੀ ਵਿਰੋਧਤਾਈ ਹੱਦੋਂ ਵੱਧ ਉੱਭਰ ਆਉਂਦੀ ਤਾਂ ਉਹ ਬੇਚੈਨ ਹੋ ਜਾਂਦਾ ਸੀ। "ਮੇਰੇ ਲੋਕਾਂ ਦਾ ਫ਼ਿਕਰ ਕਰੋ! ਆਪੋ ਆਪਣੀ ਡੱਫਲੀ ਵਜਾਉਣੀ ਬੰਦ ਕਰੋ" ਬਸ ਏਨਾ ਆਖ ਜਿਵੇਂ ਉਹ ਕਿਸੇ ਡੂੰਘੇ ਸਾਗਰਾਂ ਵਿਚ ਗਵਾਚ ਜਾਂਦਾ। ਪਰ ਉਹ ਏਨਾਂ ਜ਼ਿੰਦਾਦਿਲ ਤੇ ਬੁਲੰਦ ਹੌਂਸਲੇ ਦਾ ਵਿਅਕਤੀ ਸੀ ਕਿ ਵੱਡੀ ਤੋਂ ਵੱਡੀ ਦੁਖਦਾਈ ਖ਼ਬਰ ਸੁਣ ਕੇ ਵੀ ਸਹਿਜ ਰਹਿ ਸਕਦਾ ਸੀ। ਇਹ ਸਹਿਜਤਾ ਉਸ ਦੇ ਜੀਵਨ ਵਿਚ ਸ਼ਾਇਦ ਇਸ ਕਰਕੇ ਆਈ ਸੀ ਕਿ ਉਸ ਨੇ ਜ਼ਿੰਦਗੀ ਨੂੰ ਰੱਜ ਕੇ ਪਿਆਰ ਕਰਨਾ ਸਿੱਖਿਆ ਸੀ। ਉਹ ਜ਼ਿੰਦਗੀ ਦੇ ਮਹੱਤਵ ਨੂੰ ਜਾਣਦਾ ਸੀ ਪਰ ਮੌਤ ਉਸ ਲਈ ਕੋਈ ਖ਼ੌਫ਼ਨਾਕ ਚੀਜ਼ ਨਹੀਂ ਸੀ। ਉਸ ਨੇ ਆਪਣੇ ਜੀਵਨ ਦੇ ਵਿਚ ਕਈ ਤਰ੍ਹਾਂ ਦੇ ਕਾਲੇ ਦਿਨ ਦੇਖੇ ਸਨ। ਉਸ ਨੇ ਚੜ੍ਹਦੀ ਜਵਾਨੀ ਵਿਚ ਆਪਣੇ ਹੀਰਿਆਂ ਵਰਗੇ ਸਾਥੀਆਂ ਨੂੰ ਵਿਦਾ ਹੁੰਦੇ ਦੇਖਿਆ ਸੀ ਜਿਨ੍ਹਾਂ ਦੇ ਮੋਢਿਆਂ 'ਤੇ ਉਨ੍ਹਾਂ ਨੇ ਜ਼ਿੰਦਗੀ ਦਾ ਆਖਰੀ ਸਫ਼ਰ ਤਹਿ ਕਰਨਾ ਸੀ। ਉਸ ਨੇ ਦਰਦਾਂ ਨੂੰ ਪੀਣਾ ਸਿੱਖ ਲਿਆ ਸੀ। ਉਸ ਨੇ ਜ਼ਖ਼ਮਾਂ ਨੂੰ ਸੀਣਾ ਸਿੱਖ ਲਿਆ ਸੀ। ਨਹੀਂ ਸੀ ਸਿੱਖਿਆ ਤਾਂ ਬਸ ਇਹ ਨਹੀਂ ਸੀ ਸਿੱਖਿਆ ਅਸੂਲਾਂ ਨਾਲ ਸਮਝੌਤਾ ਕਰਨਾ। ਨਹੀਂ ਸੀ ਸਿੱਖਿਆ, ਕਿਰਤ ਦੀ ਲੁੱਟ ਨੂੰ ਚੁੱਪ-ਚਾਪ ਬਰਦਾਸ਼ਤ ਕਰਨਾ। ਨਹੀਂ ਸਿੱਖਿਆ ਕਿਸੇ ਦੀ ਖੁਸ਼ਾਮਦ ਕਰਨਾ। ਸਾਨੂੰ ਯਾਦ ਹੈ ਉਹ ਦਿਨ, ਜਿਸ ਦਿਨ ਪੰਜਾਬ ਦੀ ਸਰਕਾਰ ਨੇ ਕਾਲੇ ਕਾਨੂੰਨ ਬਣਾਏ ਸਨ ਤੇ ਕਾਲੇ ਕਾਨੂੰਨਾਂ ਬਾਰੇ ਉਨ੍ਹਾਂ ਨੇ ਕਿਹਾ ਸੀ, "ਜਦੋਂ ਮੇਰੇ ਲੋਕ ਤਕੜੇ ਹੋਣਗੇ ਬਦਲ ਦੇਣਗੇ ਸਾਰੇ ਹੀ ਕਾਲੇ ਕਾਨੂੰਨ। ਬਦਲ ਦੇਣਗੇ ਸਰਕਾਰਾਂ, ਬਦਲ ਦੇਣਗੇ ਗੰਦੇ ਨਿਜ਼ਾਮ ਨੂੰ। ਸਿਰਜ ਲੈਣਗੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼।"

ਸ਼ਹੀਦ ਭਗਤ ਸਿੰਘ ਦੇ ਫ਼ਿਕਰਾਂ ਦੀ ਬਾਂਹ ਫੜ ਕੇ ਚੱਲਣ ਵਾਲਾ ਇਹ ਯੋਧਾ ਸ਼ਹੀਦੇ-ਆਜ਼ਮ ਦੇ ਜਨਮ ਦਿਹਾੜੇ ਵਾਲੇ ਦਿਨ ਸਾਡੇ ਤੋਂ ਇਸ ਤਰ੍ਹਾਂ ਵਿਦਾ ਹੋਇਆ ਜਿਵੇਂ ਕਹਿ ਰਿਹਾ ਹੋਵੇ, ਮੈਂ ਤਾਂ ਉਸੇ ਦਾ ਹੀ ਵਾਰਸ ਸਾਂ ਤੇ ਹੁਣ ਤੁਸੀਂ ਉਸ ਦੇ ਫ਼ਿਕਰਾਂ ਦੀ ਬਾਂਹ ਫੜਨੀ ਹੈ। ਮੇਰੀਆਂ ਅਸਥੀਆਂ ਉਸੇ ਥਾਂ ਵਹਾ ਦੇਣੀਆਂ ਜਿੱਥੇ ਮੇਰੇ ਨਾਇਕ ਦੀਆਂ ਵਹਾਈਆਂ ਸਨ। ਉਹ ਦਿਨ ਪੰਜਾਬ ਦੇ ਕਿਰਤੀ ਲੋਕਾਂ ਲਈ ਏਨਾਂ ਉਤੇਜਨਾ ਭਰਪੂਰ ਸੀ ਕਿ ਕੋਈ ਭਗਤ ਸਿੰਘ ਦੇ ਜਨਮ ਦਿਨ ਦੀਆਂ ਤਿਆਰੀਆਂ ਵਿਚ ਮਸਰੂਫ ਸੀ, ਕੋਈ ਉਸ ਦੇ ਅਸੂਲਾਂ 'ਤੇ ਪਹਿਰਾ ਦਿੰਦਾ ਪੰਜਾਬ ਵਿੱਚੋਂ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਲਈ ਚੰਡੀਗੜ੍ਹ ਵੱਲ ਜਾ ਰਿਹਾ ਸੀ। ਉਸ ਦਿਨ ਇਹ ਮਨਹੂਸ ਖ਼ਬਰ ਆਈ ਕਿ ਲੋਕਾਂ ਦਾ ਮਹਾਨ

ਨਾਇਕ ਤੇ ਪੰਜਾਬੀਆਂ ਦਾ ਸ਼ੈਕਸਪੀਅਰ ਇਸ ਦੁਨੀਆਂ ਵਿਚ ਨਹੀਂ ਰਿਹਾ। ਪੰਜਾਬ ਦੀਆਂ 34 ਅਗਾਂਹਵਧੂ ਜਥੇਬੰਦੀਆਂ ਨੇ ਉਸ ਦਿਨ ਚੰਡੀਗੜ੍ਹ ਨੂੰ ਘੇਰਾ ਪਾਇਆ ਸੀ ਤਾਂ ਕਿ ਕਾਲੇ ਕਾਨੂੰਨ ਵਾਪਸ ਕਰਵਾਏ ਜਾਣ। ਲੋਕ ਆਪਣੇ ਇਸ ਰੁਝੇਵੇਂ ਵਿੱਚੋਂ ਬਸ ਏਨਾਂ ਹੀ ਵਕਤ ਕੱਢ ਪਾਏ ਤੇ 'ਸੂਹੇ ਪਰਚਮ ਵਾਲੇ ਗੁਰਸ਼ਰਨ ਭਾਅ ਜੀ ਨੂੰ ਸਾਡਾ ਲਾਲ ਸਲਾਮ' ਵਰਗੇ ਨਾਹਰੇ ਚੰਡੀਗੜ੍ਹ ਦੀਆਂ ਸੜਕਾਂ 'ਤੇ ਗੂੰਜ ਉੱਠੇ। ਇਹ ਉਹ ਇਤਿਹਾਸਕ ਦਿਨ ਸੀ ਜਿਸ ਦਿਨ ਪੰਜਾਬ ਸਰਕਾਰ ਨੇ ਲੋਕ-ਸ਼ਕਤੀ ਦੇ ਰੋਹ ਨੂੰ ਭਾਂਪਦਿਆਂ ਦੋਵੇਂ ਕਾਲੇ ਕਾਨੂੰਨ ਵਾਪਸ ਲੈਣ ਦਾ ਮਨ ਬਣਾਇਆ ਸੀ। ਜਿਵੇਂ ਗੁਰਸ਼ਰਨ ਭਾਅ ਜੀ ਕਿਹਾ ਕਰਦੇ ਸਨ, "ਜਦੋਂ ਮੇਰੇ ਲੋਕ ਸ਼ਕਤੀਸ਼ਾਲੀ ਹੋਏ ਆਪੇ ਕਾਨੂੰਨ ਬਦਲ ਦੇਣਗੇ।" ਦੁਨੀਆਂ ਭਰ ਵਿਚ ਨਾਟਕ ਨਾਲ ਜੁੜੇ ਲੋਕ ਇਹ ਅੰਗਰੇਜ਼ੀ ਦਾ ਮੁਹਾਵਰਾ ਅਕਸਰ ਬੋਲਦੇ ਹਨ 'ਸ਼ੋਅ ਮਸਟ ਗੋ ਆਨ' ਉਸ ਦਿਨ ਭਾਅ ਜੀ ਵੱਲੋਂ ਬਾਰ-ਬਾਰ ਦੁਹਰਾਇਆ ਜਾਂਦਾ ਇਹ ਵਾਕ ਬੋਲਿਆ ਗਿਆ, "ਗੁਰਸ਼ਰਨ ਤੇਰਾ ਕਾਜ ਅਧੂਰਾ, ਲਾ ਕੇ ਜਿੰਦੜੀਆਂ ਕਰਾਂਗੇ ਪੂਰਾ।" 'ਸੰਗਰਾਮੀ ਲਹਿਰ' ਉਸ ਮਹਾਨ ਨਾਇਕ ਦੇ ਅਧੂਰੇ ਕਾਜ ਨੂੰ ਹਰ ਹੀਲੇ ਪੂਰਾ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਉਂਦਾ ਹੋਇਆ ਲੋਕ-ਲਹਿਰਾਂ ਦੇ ਇਸ ਨਾਇਕ ਨੂੰ ਲਾਲ ਸਲਾਮ ਭੇਂਟ ਕਰਦਾ ਹੈ।

ਸੰਪਾਦਕੀ ਮਾਸਿਕ **'ਸੰਗਰਾਮੀ ਲਹਿਰ'**